Punjabi - Number 50c
Child Immunization Series - January 2016

# ਬਚਪਨ ਦੀਆਂ ਵੈਕਸੀਨਾਂ ਸੁਰੱਖਿਅਤ ਹਨ

## Childhood Vaccines are Safe

**ਆਪਣੇ ਬੱਚਿਆਂ ਦੀ ਰੱਖਿਆ ਕਰੋ। ਉਨ੍ਹਾਂ ਦੀਆਂ ਸਾਰੀਆਂ ਵੈਕਸੀਨਾਂ ਸਮੇਂ ਸਿਰ ਲਗਵਾਓ। ਵੈਕਸੀਨਾਂ ਮੁਫਤ ਹਨ। ਅਪੌਇੰਟਮੈਂਟ ਬਣਾਉਣ ਲਈ ਆਪਣੇ ਸਥਾਨਕ ਪਬਲਿਕ ਹੈਲਥ ਯੂਨਿਟ ਜਾਂ ਸਿਹਤ ਸੰਭਾਲ ਪ੍ਰਦਾਤਾ ਨੂੰ ਫੋਨ ਕਰੋ।**

| ਜਾਂਚੋ ਤੁਸੀਂ ਕੀ **ਜਾਣਦੇ ਹੋ**।<br>ਵੈਕਸੀਨ ਸੁਰੱਖਿਆ ਬਾਰੇ ਹੇਠਾਂ ਦਿੱਤੇ ਵਾਕਾਂ ਦੇ ਜਵਾਬ ਹਾਂ ਜਾਂ ਨਾਂਹ ਵਿੱਚ ਦਿਓ। | | |
|---|---|---|
| **ਮੈਂ ਜਾਣਦਾ/ਦੀ ਹਾਂ** ਕਿ ਵੈਕਸੀਨਾਂ ਮੇਰੇ ਬੱਚੇ ਲਈ ਸੁਰੱਖਿਅਤ ਹਨ। | **ਹਾਂ** | **ਨਹੀਂ** |
| **ਮੈਂ ਜਾਣਦਾ/ਦੀ ਹਾਂ** ਕਿ ਵੈਕਸੀਨਾਂ ਇੰਨੀਆਂ ਸੁਰੱਖਿਅਤ ਹਨ ਕਿ ਮੇਰਾ ਬੱਚਾ ਇੱਕ ਸਮੇਂ ਤੇ ਇੱਕ ਤੋਂ ਵੱਧ ਵੈਕਸੀਨ ਪ੍ਰਾਪਤ ਕਰ ਸਕਦਾ ਹੈ। | **ਹਾਂ** | **ਨਹੀਂ** |
| **ਮੈਂ ਜਾਣਦਾ/ਦੀ ਹਾਂ** ਕਿ ਵੈਕਸੀਨ ਦੇ ਹਰ ਬੈਚ ਨੂੰ ਸੁਰੱਖਿਆ ਲਈ ਜਾਂਚਿਆ ਜਾਂਦਾ ਹੈ। | **ਹਾਂ** | **ਨਹੀਂ** |
| **ਮੈਂ ਜਾਣਦਾ/ਦੀ ਹਾਂ** ਕਿ ਵੈਕਸੀਨਾਂ ਸੁਰੱਖਿਅਤ ਹਨ ਕਿਉਂਕਿ ਉਨ੍ਹਾਂ ਕਰਕੇ ਔਟੀਜ਼ਮ (autism), ਮਲਟੀਪਲ ਸਕਲੇਰੋਸਿਸ (multiple sclerosis), ਜਾਂ ਡਾਇਬਟੀਜ਼ ਨਹੀਂ ਹੁੰਦੀ। | **ਹਾਂ** | **ਨਹੀਂ** |
| **ਮੈਂ ਜਾਣਦਾ/ਦੀ ਹਾਂ** ਕਿ ਵੈਕਸੀਨਾਂ ਨੂੰ ਬੁਰੇ ਪ੍ਰਭਾਵਾਂ ਲਈ ਜਾਂਚਿਆ ਜਾਂਦਾ ਹੈ। | **ਹਾਂ** | **ਨਹੀਂ** |
| **ਜੇ ਤੁਸੀਂ ਉੱਤੇ ਦਿੱਤਿਆਂ ਵਿਚੋਂ ਕਿਸੇ ਦਾ ਵੀ ਜਵਾਬ 'ਨਾ' ਵਿੱਚ ਦਿੱਤਾ ਹੈ, ਤਾਂ ਹੋਰ ਜਾਣਨ ਲਈ ਅਗੇ ਪੜ੍ਹੋ।** | | |

### ਕੀ ਵੈਕਸੀਨਾਂ ਸੁਰੱਖਿਅਤ ਹਨ?

ਹਾਂ। ਵੈਕਸੀਨਾਂ ਤੁਹਾਡੇ ਬੱਚੇ ਲਈ ਸੁਰੱਖਿਅਤ ਹਨ। ਕਈ ਕਮਜ਼ੋਰ ਕੀਤੇ ਗਏ ਜਾਂ ਮਰੇ ਹੋਏ ਰੋਗਾਣੂਆਂ ਜਿਵੇਂ ਕਿ ਬੈਕਟੀਰੀਆ ਜਾਂ ਵਾਇਰਸਾਂ ਤੋਂ ਬਣੀਆਂ ਹੁੰਦੀਆਂ ਹਨ, ਅਤੇ ਕਈ ਪ੍ਰੋਟੀਨਾਂ ਅਤੇ/ਜਾਂ ਪੌਲੀਸੈਕਰਾਇਡਾਂ (ਕੰਮਪਲੈਕਸ ਸ਼ੂਗਰਜ਼) (polysaccharides (complex sugars)) ਤੋਂ। ਵੈਕਸੀਨਾਂ ਤੁਹਾਡੇ ਬੱਚੇ ਨੂੰ ਬਿਮਾਰੀ ਦਾ ਸ਼ਿਕਾਰ ਹੋਏ ਬਿਨਾਂ ਹਾਨੀਕਾਰਕ ਕੀਟਾਣੂਆਂ ਵਿਰੁੱਧ ਸੁਰੱਖਿਆ ਸਥਾਪਿਤ ਕਰਨ ਦਿੰਦੀਆਂ ਹਨ।

ਸਿਹਤਮੰਦ ਭੋਜਨ ਅਤੇ ਸਾਫ ਪਾਣੀ ਦੀ ਤਰ੍ਹਾਂ, ਵੈਕਸੀਨਾਂ ਤੁਹਾਡੇ ਬੱਚੇ ਨੂੰ ਸਿਹਤਮੰਦ ਰੱਖਣ ਵਿੱਚ ਸਹਾਇਤਾ ਕਰਦੀਆਂ ਹਨ। ਬੀ.ਸੀ. ਵਿੱਚ ਵਰਤੀਆਂ ਜਾਣ ਵਾਲੀਆਂ ਸਾਰੀਆਂ ਵੈਕਸੀਨਾਂ ਹੈਲਥ ਕੈਨੇਡਾ ਦੁਆਰਾ ਮਾਨਤਾ ਪ੍ਰਾਪਤ ਹਨ।

### ਕੀ ਵੈਕਸੀਨਾਂ ਦੀ ਜਾਂਚ ਕੀਤੀ ਜਾਂਦੀ ਹੈ?

ਹਾਂ। ਅਜਿਹੀ ਵੈਕਸੀਨ ਜਿਹੜੀ ਤੁਹਾਡੇ ਬੱਚੇ ਲਈ ਪ੍ਰਭਾਵਸ਼ਾਲੀ ਅਤੇ ਸੁਰੱਖਿਅਤ ਹੈ ਬਣਾਉਣ ਵਿੱਚ ਕਈ ਸਾਲ ਲਗਦੇ ਹਨ। ਵੈਕਸੀਨਾਂ ਵਾਸਤੇ ਕਦੇ ਵੀ ਲੋਕਾਂ ਨੂੰ ਦਿੱਤੇ ਜਾਣ ਤੋਂ ਪਹਿਲਾਂ ਕਈ ਸਾਰੇ ਸੁਰੱਖਿਆ ਟੈਸਟ ਪਾਸ ਕਰਨਾ ਜ਼ਰੂਰੀ ਹੈ।

ਜਦੋਂ ਇੱਕ ਨਵੀਂ ਵੈਕਸੀਨ ਲੋਕਾਂ ਵਿੱਚ ਟੈਸਟ ਕੀਤੇ ਜਾਣ ਲਈ ਤਿਆਰ ਹੁੰਦੀ ਹੈ, ਤਾਂ ਉਸ ਨੂੰ ਪਹਿਲਾਂ ਖ਼ੁਰਾਕ ਅਤੇ ਉਸ ਦੀ ਸੁਰੱਖਿਆ ਜਾਂਚਣ ਲਈ ਲੋਕਾਂ ਦੀ ਛੋਟੀ ਸੰਖਿਆ ਨੂੰ ਦਿੱਤਾ ਜਾਂਦਾ ਹੈ। ਉਸ ਤੋਂ ਬਾਅਦ ਉਸ ਨੂੰ ਵੱਡੀਆਂ ਗਿਣਤੀਆਂ, ਜਿਵੇਂ ਕਿ ਸੈਂਕੜੇ ਜਾਂ ਹਜ਼ਾਰਾਂ ਲੋਕਾਂ ਨੂੰ ਦਿੱਤਾ ਜਾਂਦਾ ਹੈ, ਇਹ ਸੁਨਿਸ਼ਚਿਤ ਕਰਨ ਵਾਸਤੇ ਕਿ ਉਹ ਸੁਰੱਖਿਅਤ ਅਤੇ ਪ੍ਰਭਾਵਸ਼ਾਲੀ ਹੈ। ਜੇ ਅਜਿਹੇ ਲੋਕ ਹਨ ਜਿੰਨਾਂ ਨੂੰ ਸੁਰੱਖਿਆ ਸੰਬੰਧੀ ਚਿੰਤਾਵਾਂ ਕਰਕੇ ਵੈਕਸੀਨ ਨਹੀਂ ਦਿੱਤੀ ਜਾਣੀ ਚਾਹੀਦੀ, ਤਾਂ ਇਹ ਉਸ ਵੇਲੇ ਉਲਿੱਖਤ ਕੀਤਾ ਜਾਂਦਾ ਹੈ ਜਦੋਂ ਵੈਕਸੀਨ ਨੂੰ ਮਾਨਤਾ ਦਿੱਤੀ ਜਾਂਦੀ ਹੈ।

ਵੈਕਸੀਨ ਦੇ ਵਰਤੋਂ ਲਈ ਮਾਨਤਾ ਪ੍ਰਾਪਤ ਕਰ ਲੈਣ ਤੋਂ ਬਾਅਦ, ਉਸ ਦੀ ਸੁਰੱਖਿਆ ਦੀ ਨਿਗਰਾਨੀ ਕੀਤੀ ਜਾਂਦੀ ਹੈ। ਵੈਕਸੀਨ ਦੇ ਹਰ ਬੈਚ ਜਾਂ "ਲੌਟ" ਨੂੰ ਵਰਤੇ ਜਾਣ ਤੋਂ ਪਹਿਲਾਂ ਹੈਲਥ ਕੈਨੇਡਾ ਦੁਆਰਾ ਜਾਂਚਿਆ ਅਤੇ ਪਰਵਾਨਗੀ ਦਿੱਤੀ ਜਾਂਦੀ ਹੈ। ਟੀਕਾਕਰਣ ਤੋਂ ਬਾਅਦ ਅਣਸੁਖਾਵੀਆਂ ਘਟਨਾਵਾਂ ਜਾਂ ਸੰਭਵ ਬੁਰੇ ਪ੍ਰਭਾਵਾਂ ਦੀ ਰਿਪੋਰਟ ਕੈਨੇਡਾ ਦੇ ਹਰ ਪ੍ਰਾਂਤ ਅਤੇ ਰਾਜਖੇਤਰ ਵਿੱਚ ਕਰਨ ਦੇ ਨਾਲ ਨਾਲ ਫੈਡਰਲ ਸਰਕਾਰ ਅਤੇ ਵਰਲਡ ਹੈਲਥ ਔਰਗੇਨਾਈਜ਼ੇਸ਼ਨ ਨੂੰ ਵੀ ਕੀਤੀ ਜਾਂਦੀ ਹੈ। ਇੰਨ੍ਹਾਂ ਅਣਸੁਖਾਵੀਆਂ ਘਟਨਾਵਾਂ ਦੀਆਂ ਦਰਾਂ ਦਾ ਵਿਸ਼ਲੇਸ਼ਣ ਕੀਤਾ

ਜਾਂਦਾ ਹੈ ਅਤੇ ਹਰ ਗੰਭੀਰ ਘਟਨਾ ਦੀ ਵਿਸਤਾਰਪੂਰਕ ਸਮੀਖਿਆ ਕੀਤੀ ਜਾਂਦੀ ਹੈ।

## ਕੀ ਟੀਕਾਕਰਣ ਕਰਵਾਉਣਾ ਬਿਮਾਰੀ ਦਾ ਸ਼ਿਕਾਰ ਹੋਣ ਨਾਲੋਂ ਜਿਆਦਾ ਸੁਰੱਖਿਅਤ ਹੈ?

ਹਾਂ। ਬਿਮਾਰੀ ਤੋਂ ਖਤਰਾ ਵੈਕਸੀਨ ਤੇ ਬੁਰੇ ਪ੍ਰਭਾਵ ਦੇ ਖਤਰੇ ਨਾਲੋਂ ਕਿਧਰੇ ਵੱਧ ਹੈ। ਦੁਨੀਆਂ ਭਰ ਵਿੱਚ ਸਿਹਤ ਸੰਬੰਧੀ ਅਧਿਕਾਰੀ ਵੈਕਸੀਨ ਸੁਰਖਿਆ ਨੂੰ ਬਹੁਤ ਗੰਭੀਰਤਾ ਨਾਲ ਲੈਂਦੇ ਹਨ। ਇਸ ਕਰਕੇ ਹਰ ਮਾਤਾ-ਪਿਤਾ ਨੂੰ ਆਪਣੇ ਸਿਹਤ ਸੰਭਾਲ ਪ੍ਰਦਾਤਾ ਨੂੰ ਫੋਨ ਕਰਨ ਲਈ ਕਿਹਾ ਜਾਂਦਾ ਹੈ ਜੇਕਰ ਵੈਕਸੀਨਾਂ ਪ੍ਰਾਪਤ ਕਰਨ ਤੋਂ ਬਾਅਦ ਕੋਈ ਅਸਧਾਰਨ ਜਾਂ ਅਣਿਆਈ ਬੁਰੇ ਪ੍ਰਭਾਵ ਹੁੰਦੇ ਹਨ।

ਵੈਕਸੀਨ ਪ੍ਰਾਪਤ ਕਰਨ ਤੋਂ ਬਾਅਦ ਜਾਨ ਨੂੰ ਖਤਰੇ ਵਿੱਚ ਪਾਉਣ ਵਾਲੀ ਅਲਰਜਿਕ ਪ੍ਰਤੀਕਿਰਿਆ ਦੀ ਬਹੁਤ ਹੀ ਵਿਰਲੀ, ਇਕ ਮਿਲੀਅਨ ਵਿੱਚ ਇੱਕ ਤੋਂ ਘੱਟ, ਦੀ ਸੰਭਾਵਨਾ ਹੈ। ਜੇ ਅਜਿਹਾ ਹੁੰਦਾ ਹੈ, ਤਾਂ ਉਸ ਦੇ ਵਾਪਰਨ ਦੀ ਸਭ ਤੋਂ ਵੱਧ ਸੰਭਾਵਨਾ ਵੈਕਸੀਨ ਦਿੱਤੇ ਜਾਣ ਦੇ ਕੁਝ ਹੀ ਮਿੰਟਾਂ ਦੇ ਅੰਦਰ ਹੈ। ਇਸ ਕਰਕੇ ਤੁਹਾਨੂੰ ਤੁਹਾਡੇ ਬੱਚੇ ਨੂੰ ਟੀਕਾ ਲਗਾਏ ਜਾਣ ਤੋਂ ਬਾਅਦ 15 ਮਿੰਟਾਂ ਵਾਸਤੇ ਕਲੀਨਿਕ ਜਾਂ ਸਿਹਤ ਸੰਭਾਲ ਪ੍ਰਦਾਤਾ ਦੇ ਆਫਿਸ ਵਿੱਚ ਰਹਿਣ ਲਈ ਕਿਹਾ ਜਾਂਦਾ ਹੈ। ਤੁਹਾਡਾ ਸਿਹਤ ਸੰਭਾਲ ਪ੍ਰਦਾਤਾ ਇਸ ਪ੍ਰਤੀਕਿਰਿਆ ਦਾ ਇਲਾਜ ਕਰਨ ਵਾਸਤੇ ਤਿਆਰ ਹੈ।

## ਕੀ ਤੁਹਾਡੇ ਬੱਚੇ ਵਾਸਤੇ ਇੱਕੋ ਸਮੇਂ ਤੇ ਇੱਕ ਤੋਂ ਵੱਧ ਵੈਕਸੀਨ ਪ੍ਰਾਪਤ ਕਰਨਾ ਸੁਰੱਖਿਅਤ ਹੈ?

ਹਾਂ। ਜੇ ਤੁਹਾਡਾ ਬੱਚਾ ਇੱਕੋ ਸਮੇਂ ਤੇ ਕਈ ਵੈਕਸੀਨਾਂ ਪ੍ਰਾਪਤ ਕਰਦਾ ਹੈ ਤਾਂ ਵੀ ਜਿਆਦਾਤਰ ਬੁਰੇ ਪ੍ਰਭਾਵ ਹਲਕੇ ਹੋਣਗੇ ਅਤੇ ਕੇਵਲ ਇੱਕ ਜਾਂ ਦੋ ਦਿਨਾਂ ਤੱਕ ਰਹਿਣਗੇ। ਆਮ ਬੁਰੇ ਪ੍ਰਭਾਵਾਂ ਵਿੱਚ ਸ਼ਾਮਲ ਹੋ ਸਕਦੇ ਹਨ ਹਲਕਾ ਬੁਖਾਰ ਜਾਂ ਵੈਕਸੀਨ ਦਿੱਤੇ ਜਾਣ ਵਾਲੀ ਥਾਂ ਤੇ ਜਲਨ।

ਕੈਨੇਡਾ ਵਿੱਚ ਹਰ ਸਾਲ ਕਈ ਮਿਲੀਅਨ ਵੈਕਸੀਨਾਂ ਦਿੱਤੀਆਂ ਜਾਦੀਆਂ ਹਨ। ਵੈਕਸੀਨਾਂ ਦੇ ਬੁਰੇ ਪ੍ਰਭਾਵ ਬਹੁਤ ਵਿਰਲੇ ਹਨ।

## ਕੀ ਵੈਕਸੀਨਾਂ ਕਰਕੇ ਬਿਮਾਰੀ ਜਾਂ ਰੋਗ ਹੁੰਦਾ ਹੈ?

ਨਹੀਂ। ਉੱਤਮ ਉਪਲਬਧ ਵਿਗਿਆਨਕ ਪ੍ਰਮਾਣ ਦਰਸ਼ਾਉਂਦੇ ਹਨ ਕਿ ਵੈਕਸੀਨਾਂ ਕਰਕੇ ਔਟੀਜ਼ਮ, ਮਲਟੀਪਲ ਸਕਲੇਰੋਸਿਸ, ਡਾਇਬਟੀਜ਼, ਸਡਨ ਇੰਨਫੈਂਟ ਡੈਥ ਸਿੰਡਰੋਮ (ਸਿਡਜ਼), ਜਾਂ ਦੂਸੀਆਂ ਬਿਮਾਰੀਆਂ ਹੁੰਦੀਆਂ। ਇਹ ਅਧਿਐਨ ਦ ਇੰਸਟੀਟਯੂਟ ਆਫ ਮੈਡੀਸਨ ਆਫ ਦ ਨੈਸ਼ਨਲ ਅਕੈਡੇਮੀਜ਼ (the Institute of Medicine of the National Academies) ਤੇ ਪੋਸਟ ਕੀਤੇ ਗਏ ਹਨ। http://iom.nationalacademies.org/Reports.aspx.

## ਕੀ ਨਵੀਆਂ ਵੈਕਸੀਨਾਂ ਪੁਰਾਣੀਆਂ ਵੈਕਸੀਨਾਂ ਨਾਲੋਂ ਜਿਆਦਾ ਸੁਰੱਖਿਅਤ ਹਨ?

ਹਾਂ। ਵਿਗਿਆਨ ਵਿੱਚ ਪ੍ਰਗਤੀਆਂ ਨੇ ਵੈਕਸੀਨਾਂ ਕਿਵੇਂ ਬਣਾਈਆਂ ਜਾਂਦੀਆਂ ਹਨ ਵਿੱਚ ਸੁਧਾਰ ਕੀਤਾ ਹੈ। ਹੁਣ ਵੈਕਸੀਨਾਂ ਵਿੱਚ ਸੁਰੱਖਿਆ ਪ੍ਰਣਾਲੀ ਦੇ ਕੇਵਲ ਉਸ ਹਿੱਸੇ ਨੂੰ ਉਤੇਜਿਤ ਕਰਨ ਲਈ ਘੱਟ ਚੀਜ਼ਾਂ ਹੁੰਦੀਆਂ ਹਨ ਜਿਸਦੀ ਲੋੜ ਸੁਰੱਖਿਆ ਪ੍ਰਦਾਨ ਕਰਨ ਵਾਸਤੇ ਹੁੰਦੀ ਹੈ।

ਇਸ ਤਬਦੀਲੀ ਦਾ ਸਭ ਤੋਂ ਵਧੀਆ ਉਦਹਾਰਣ ਹੈ ਪਰਟੂਸਿਸ (ਕਾਲੀ ਖਾਂਸੀ) ਦੀ ਵੈਕਸੀਨ। 1997 ਤੋਂ ਪਹਿਲਾਂ ਵਰਤੀ ਜਾਣ ਵਾਲੀ "ਹੋਲ ਸੈੱਲ" ('whole cell') ਵੈਕਸੀਨ ਵਿੱਚ ਪੂਰੇ ਪਰਟੂਸਿਸ ਬੈਕਟੀਰੀਆ ਵਿੱਚੋਂ ਲਗਭਗ 3,000 ਪ੍ਰੋਟੀਨ ਅਤੇ ਪੌਲੀਸੈਕਰਾਇਡ ਹੁੰਦੇ ਸਨ। ਕੈਨੇਡਾ ਵਿੱਚ ਅੱਜ ਵਰਤੀਆਂ ਜਾਣ ਵਾਲੀਆਂ ਵੈਕਸੀਨਾਂ ਵਿੱਚ ਕੇਵਲ 3 ਤੋਂ 5 ਪ੍ਰੋਟੀਨ ਹਨ। ਇਹ ਸੁਰੱਖਿਆ ਪ੍ਰਣਾਲੀ ਦੇ ਕੇਵਲ ਉਨ੍ਹਾਂ ਹਿੱਸਿਆਂ ਨੂੰ ਹੀ ਉਤੇਜਿਤ ਕਰਦੇ ਹਨ ਜਿੰਨਾਂ ਦੀ ਲੋੜ ਸੁਰੱਖਿਆ ਵਾਸਤੇ ਹੁੰਦੀ ਹੈ, ਅਤੇ ਉਨ੍ਹਾਂ ਕਰਕੇ ਘੱਟ ਬੁਰੇ ਪ੍ਰਭਾਵ ਹੁੰਦੇ ਹਨ।

## ਵਧੇਰੇ ਜਾਣਕਾਰੀ ਲਈ

ਬਚਪਨ ਵਿੱਚ ਇਮਿਊਨਾਈਜ਼ੇਸ਼ਨ ਬਾਰੇ ਹੋਰ ਜ਼ਿਆਦਾ ਜਾਣਕਾਰੀ ਲਈ, ਦੇਖੋ :

- HealthLinkBC File #50a ਤੁਹਾਡੇ ਬੱਚੇ ਦੀ ਇਮਿਊਨ ਪ੍ਰਣਾਲੀ ਅਤੇ ਵੈਕਸੀਨਜ਼
- HealthLinkBC File #50b ਇਮਿਊਨਾਈਜ਼ੇਸ਼ਨ ਕਰਵਾਉਣ ਦੇ ਤੁਹਾਡੇ ਬੱਚੇ ਨੂੰ ਫ਼ਾਇਦੇ
- HealthLinkBC File #50d ਬਚਪਨ ਦੇ ਵੈਕਸੀਨਜ਼: ਵੈਕਸੀਨਜ਼ ਵਿਚ ਕੀ ਹੈ ਅਤੇ ਕਿਉਂ
- HealthLinkBC File #50e ਤੁਹਾਡੇ ਬੱਚੇ ਲਈ ਇਮਿਊਨਾਈਜ਼ੇਸ਼ਨ ਦਾ ਇੱਕ ਅੱਛਾ ਅਨੁਭਵ

BC Centre for Disease Control
An agency of the Provincial Health Services Authority